
ਮੈਂ ਜਬਰੀ
ਵਿਆਹ ਦਾ
ਉਪਾਅ ਲੱਭ
ਲਿਆ ਹੈ। ਤੁਸੀਂ
ਵੀ ਲੱਭ ਸਕਦੇ ਹੋ।
one
scotland
SCOTTISH GOVERNMENT

ਸਕਾਟਲੈਂਡ ਵਿੱਚ ਰਹਿ ਰਹੇ ਬਹੁਤ ਸਾਰੇ ਲੋਕਾਂ ਲਈ, ਵਿਵਸਥਿਤ ਵਿਆਹ ਰੋਜ਼ਾਨਾ ਦੇ ਜੀਵਨ ਦਾ ਸਵੀਕ੍ਰਿਤ ਹਿੱਸਾ ਹੈ। ਪਰ ਵਿਆਹ ਲਈ ਕਿਸੇ ਨਾਲ ਜਬਰਦਸਤੀ ਕਰਨਾ ਨਹੀਂ। ਆਖਿਰਕਾਰ, ਆਪਣੇ ਸਾਥੀ ਨੂੰ ਚੁਣਨਾ ਹਰ ਇੱਕ ਦਾ ਮਨੁੱਖੀ ਅਧਿਕਾਰ ਹੈ। ਜਬਰਨ ਵਿਆਹ ਵਿੱਚ ਮਰਦ ਅਤੇ ਔਰਤਾਂ ਦੋਵਾਂ ਨੂੰ ਭਾਵਾਤਮਕ ਕਲੇਸ਼ ਅਤੇ ਆਤਮ-ਸਨਮਾਨ ਵਿੱਚ ਗਿਰਾਵਟ ਦਾ ਅਨੁਭਵ ਕਰਨਾ ਪੈ ਸਕਦਾ ਹੈ। ਹੋਰ ਅਨੁਭਵ ਹਨ ਸਰੀਰਕ ਹਮਲਾ ਅਤੇ ਗਾਲੀ-ਗਲੋਚ।

ਇਸ ਲਈ ਜਬਰਨ ਵਿਆਹ ਦੇ ਪੀੜਤਾਂ ਨੂੰ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਨ ਲਈ ਸਕਾਟਲੈਂਡ ਵਿੱਚ ਕਨੂੰਨ ਬਣਾਇਆ ਗਿਆ ਹੈ। ਕਿਸੇ ਨਾਲ ਵਿਆਹ ਲਈ ਜ਼ਬਰਦਸਤੀ ਕਰਨਾ ਹੁਣ ਕਨੂੰਨਨ ਜ਼ੁਰਮ ਹੈ, ਜਿਸ ਦੀ ਸਜਾ ਜੇਲ੍ਹ, ਜ਼ੁਰਮਾਨਾ ਜਾਂ ਦੋਵੇਂ ਹਨ, ਅਤੇ ਤੁਹਾਡੀ ਮਰਜ਼ੀ ਦੇ ਵਿਰੁੱਧ ਤੁਹਾਨੂੰ ਵਿਆਹ ਲਈ ਦਬਾਅ ਪਾਉਣ ਤੋਂ ਬਚਾਉਣ ਲਈ ਕਿਸੇ ਦੇ ਖਿਲਾਫ ਵੀ ਫੋਰਸਡ ਮੈਰਿਜ ਪ੍ਰੋਟੈਕਸ਼ਨ ਆਰਡਰਸ (ਜਬਰਨ ਵਿਆਹ ਸੁਰੱਖਿਆ ਆਦੇਸ਼) ਜਾਰੀ ਕੀਤੇ ਜਾ ਸਕਦੇ ਹਨ।

ਉੱਥੇ ਸਿੱਖਿਅਤ ਸਲਾਹਕਾਰ ਵੀ ਹਨ ਜੋ ਤੁਹਾਡੇ ਨਾਲ ਵਿਕਲਪਾਂ ਤੇ ਗੱਲ ਕਰ ਸਕਦੇ ਹਨ, ਜੇ ਤੁਸੀਂ, ਤੁਹਾਡਾ ਕੋਈ ਦੋਸਤ ਜਾਂ ਰਿਸ਼ਤੇਦਾਰ ਜਬਰਨ ਵਿਆਹ ਦੇ ਡਰਾਵੇ ਹੇਠਾਂ ਹੋ। ਇਹ ਤਾਂ ਵੀ ਉਪਲਬਧ ਹੈ ਜੇ ਤੁਹਾਡਾ ਜਬਰਨ ਵਿਆਹ ਹੋ ਗਿਆ ਹੈ।

ਸਲਾਹ, ਸਹਾਇਤਾ ਅਤੇ ਸੁਰੱਖਿਆ ਪੂਰੀ ਗੋਪਨੀਅਤਾ ਨਾਲ ਪ੍ਰਦਾਨ ਕੀਤੀ ਜਾਂਦੀ ਹੈ। ਜ਼ਿਆਦਾ ਜਾਣਕਾਰੀ ਲਈ **0800 027 1234** ਤੇ ਕਾਲ ਕਰੋ, ਜਾਂ **onescotland.org/forcedmarriage** ਤੇ ਜਾਉ।

## ਸਕਾਟਲੈਂਡ ਬਰਾਬਰੀ ਵਿੱਚ ਵਿਸ਼ਵਾਸ ਰੱਖਦਾ ਹੈ।

one scotland
SCOTTISH GOVERNMENT


ਮੈਂ ਫੈਸਲਾ ਕਰਾਂਗਾ ਕਿ
ਮੈਂ ਕਿਸ ਨਾਲ ਵਿਆਹ
ਕਰਵਾਉਣਾ ਹੈ। ਕੋਈ
ਹੋਰ ਨਹੀਂ।
one scotland
SCOTTISH GOVERNMENT

ਸਕਾਟਲੈਂਡ ਵਿੱਚ ਰਹਿ ਰਹੇ ਬਹੁਤ ਸਾਰੇ ਲੋਕਾਂ ਲਈ, ਵਿਵਸਥਿਤ ਵਿਆਹ ਰੋਜ਼ਾਨਾ ਦੇ ਜੀਵਨ ਦਾ ਸਵੀਕ੍ਰਿਤ ਹਿੱਸਾ ਹੈ। ਪਰ ਵਿਆਹ ਲਈ ਕਿਸੇ ਨਾਲ ਜਬਰਦਸਤੀ ਕਰਨਾ ਨਹੀਂ। ਆਖਿਰਕਾਰ, ਆਪਣੇ ਸਾਥੀ ਨੂੰ ਚੁਣਨਾ ਹਰ ਇੱਕ ਦਾ ਮਨੁੱਖੀ ਅਧਿਕਾਰ ਹੈ। ਜਬਰਨ ਵਿਆਹ ਵਿੱਚ ਮਰਦ ਅਤੇ ਔਰਤਾਂ ਦੋਵਾਂ ਨੂੰ ਭਾਵਾਤਮਕ ਕਲੇਸ਼ ਅਤੇ ਆਤਮ-ਸਨਮਾਨ ਵਿੱਚ ਗਿਰਾਵਟ ਦਾ ਅਨੁਭਵ ਕਰਨਾ ਪੈ ਸਕਦਾ ਹੈ। ਹੋਰ ਅਨੁਭਵ ਹਨ ਸਰੀਰਕ ਹਮਲਾ ਅਤੇ ਗਾਲੀ-ਗਲੋਚ।

ਇਸ ਲਈ ਜਬਰਨ ਵਿਆਹ ਦੇ ਪੀੜਤਾਂ ਨੂੰ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਨ ਲਈ ਸਕਾਟਲੈਂਡ ਵਿੱਚ ਕਨੂੰਨ ਬਣਾਇਆ ਗਿਆ ਹੈ। ਕਿਸੇ ਨਾਲ ਵਿਆਹ ਲਈ ਜ਼ਬਰਦਸਤੀ ਕਰਨਾ ਹੁਣ ਕਨੂੰਨਨ ਜ਼ੁਰਮ ਹੈ, ਜਿਸ ਦੀ ਸਜਾ ਜੇਲ੍ਹ, ਜ਼ੁਰਮਾਨਾ ਜਾਂ ਦੋਵੇਂ ਹਨ, ਅਤੇ ਤੁਹਾਡੀ ਮਰਜ਼ੀ ਦੇ ਵਿਰੁੱਧ ਤੁਹਾਨੂੰ ਵਿਆਹ ਲਈ ਦਬਾਅ ਪਾਉਣ ਤੋਂ ਬਚਾਉਣ ਲਈ ਕਿਸੇ ਦੇ ਖਿਲਾਫ ਵੀ ਫੋਰਸਡ ਮੈਰਿਜ ਪ੍ਰੋਟੈਕਸ਼ਨ ਆਰਡਰਸ (ਜਬਰਨ ਵਿਆਹ ਸੁਰੱਖਿਆ ਆਦੇਸ਼) ਜਾਰੀ ਕੀਤੇ ਜਾ ਸਕਦੇ ਹਨ।

ਉੱਥੇ ਸਿੱਖਿਅਤ ਸਲਾਹਕਾਰ ਵੀ ਹਨ ਜੋ ਤੁਹਾਡੇ ਨਾਲ ਵਿਕਲਪਾਂ ਤੇ ਗੱਲ ਕਰ ਸਕਦੇ ਹਨ, ਜੇ ਤੁਸੀਂ, ਤੁਹਾਡਾ ਕੋਈ ਦੋਸਤ ਜਾਂ ਰਿਸ਼ਤੇਦਾਰ ਜਬਰਨ ਵਿਆਹ ਦੇ ਡਰਾਵੇ ਹੇਠਾਂ ਹੋ। ਇਹ ਤਾਂ ਵੀ ਉਪਲਬਧ ਹੈ ਜੇ ਤੁਹਾਡਾ ਜਬਰਨ ਵਿਆਹ ਹੋ ਗਿਆ ਹੈ।

ਸਲਾਹ, ਸਹਾਇਤਾ ਅਤੇ ਸੁਰੱਖਿਆ ਲਈ **0808 801 0327** ਤੇ ਕਾਲ ਕਰੋ। ਲਾਈਨਾਂ ਸੋਮਵਾਰ - ਸ਼ੁਕਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤਕ ਖੁਲ੍ਹੀਆਂ ਹੁੰਦੀਆਂ ਹਨ। ਲੈਂਡਲਾਈਨ ਅਤੇ O2, Orange, T Mobile, Three (3), EE, Virgin ਅਤੇ Vodafone ਨੈਟਵਰਕਸ ਰਾਹੀਂ ਕੀਤੀਆਂ ਮੋਬਾਈਲ ਕਾਲਾਂ ਮੁਫ਼ਤ ਹਨ। ਜਾਂ ਜ਼ਿਆਦਾ ਜਾਣਕਾਰੀ ਲਈ **onescotland.org/forcedmarriage** ਤੇ ਜਾਉ।

## ਸਕਾਟਲੈਂਡ ਬਰਾਬਰੀ ਵਿੱਚ ਵਿਸ਼ਵਾਸ ਰੱਖਦਾ ਹੈ।

one scotland
SCOTTISH GOVERNMENT